# ਬੀ ਸੀ ਸਮਰ ਰੀਡਿੰਗ ਕਲੱਬ ਕੀ ਹੈ?

**ਬੀ ਸੀ ਸਮਰ ਰੀਡਿੰਗ ਕਲੱਬ ਬੱਚਿਆਂ ਲਈ ਪੜ੍ਹਨ ਦਾ ਇਕ ਮੁਫਤ ਪ੍ਰੋਗਰਾਮ ਹੈ।** ਇਹ ਗਰਮੀਆਂ ਵਿਚ ਆਪਣੇ ਪੜ੍ਹਨ ਦੇ ਹੁਨਰਾਂ ਦਾ ਅਭਿਆਸ ਕਰਨ ਜਾਂ ਇਨ੍ਹਾਂ ਵਿਚ ਸੁਧਾਰ ਕਰਨ, ਨਵੇਂ ਦੋਸਤਾਂ ਨੂੰ ਮਿਲਣ, ਆਪਣੇ ਇਲਾਕੇ ਅਤੇ ਲਾਇਬਰੇਰੀ ਬਾਰੇ ਜ਼ਿਆਦਾ ਜਾਣਨ, ਅਤੇ ਸ਼ੁਗਲ ਕਰਨ ਦਾ ਇਕ ਵਧੀਆ ਤਰੀਕਾ ਹੈ।









# ਬੱਚਿਆਂ ਲਈ ਬੀ ਸੀ ਸਮਰ ਰੀਡਿੰਗ ਕਲੱਬ ਬਾਰੇ ਜਾਣੋ

**ਆਪਣੇ ਨੇੜੇ ਦੀ ਲਾਇਬਰੇਰੀ ਲੱਭਣ ਲਈ,** ਕਿਰਪਾ ਕਰਕੇ https://bcsrc.ca/about-bcsrc/ ’ਤੇ ਜਾਉ।

ਮਨ ਵਿਚ ਕੋਈ ਸਵਾਲ ਹੈ ਪਰ ਇੱਥੇ ਜਵਾਬ ਨਹੀਂ ਦਿਖਾਈ ਦਿੰਦਾ? ਸੂਬਾਈ ਕੋਆਰਡੀਨੇਟਰ ਨੂੰ bcsrc@bcla.bc.ca ’ਤੇ ਈਮੇਲ ਕਰੋ।



British Columbia
Library Association

www.bcsrc.ca
bcsrc@bcla.bc.ca

[Punjabi]

British Columbia Summer Reading Club

# ਬੀ ਸੀ ਸਮਰ ਰੀਡਿੰਗ ਕਲੱਬ ਵਿਚ ਤੁਹਾਡਾ ਸੁਆਗਤ ਹੈ!

## ਪਰਿਵਾਰਾਂ ਅਤੇ ਸੰਭਾਲ ਕਰਨ ਵਾਲਿਆਂ ਲਈ ਜਾਣਕਾਰੀ



# ਬੱਚਿਆਂ ਲਈ ਰੀਡਿੰਗ ਕਲੱਬ

# ਬੀ ਸੀ ਸਮਰ ਰੀਡਿੰਗ ਕਲੱਬ ਬਾਰੇ

**ਕੌਣ ਸ਼ਾਮਲ ਹੋ ਸਕਦਾ ਹੈ?**
ਬੀ ਸੀ ਸਮਰ ਰੀਡਿੰਗ ਕਲੱਬ ਸਾਰੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਹਿੱਸਾ ਲੈਣ ਦਾ ਸੁਆਗਤ ਕਰਦੀ ਹੈ, ਅਤੇ ਇਹ ਇਕ ਮੁਫਤ, ਪਹੁੰਚਯੋਗ ਅਤੇ ਪੂਰੀ ਤਰ੍ਹਾਂ ਸ਼ਾਮਲ ਕਰਨ ਵਾਲਾ ਪ੍ਰੋਗਰਾਮ ਦੇਣ ਦੀ ਇੱਛਾ ਰੱਖਦੀ ਹੈ।

**ਅਸੀਂ ਸ਼ਾਮਲ ਕਿਵੇਂ ਹੋਣਾ ਹੈ?**
ਆਪਣੇ ਨੇੜੇ ਦੀ ਲਾਇਬਰੇਰੀ ਵਿਚ ਜਾਉ! ਲਾਇਬਰੇਰੀ ਦਾ ਸਟਾਫ ਤੁਹਾਡੇ ਬੱਚੇ ਨੂੰ ਮੁਫਤ ਰਜਿਸਟਰ ਕਰਕੇ ਖੁਸ਼ ਹੋਵੇਗਾ, ਅਤੇ ਉਨ੍ਹਾਂ ਨੂੰ ਉਹ ਹਰ ਚੀਜ਼ ਦੇਵੇਗਾ ਜਿਸ ਦੀ ਉਨ੍ਹਾਂ ਨੂੰ ਸਮਰ ਰੀਡਿੰਗ ਕਲੱਬ ਵਿਚ ਸ਼ਾਮਲ ਹੋਣ ਲਈ ਲੋੜ ਹੋਵੇਗੀ। ਉਹ ਤਹਾਨੂੰ ਲਾਇਬਰੇਰੀ ਵਿਚ ਗਰਮੀਆਂ ਦੇ ਪ੍ਰੋਗਰਾਮਾਂ ਅਤੇ ਸਰਗਰਮੀਆਂ ਬਾਰੇ ਦੱਸਣ ਦੇ ਵੀ ਯੋਗ ਹੋਣਗੇ।

**ਇਹ ਕਿਵੇਂ ਕੰਮ ਕਰਦਾ ਹੈ?**
ਆਪਣੀ ਲੋਕਲ ਲਾਇਬਰੇਰੀ ਵਿਚ ਜਾਉ ਅਤੇ ਤੁਹਾਡੇ ਬੱਚੇ ਨੂੰ ਆਪਣੇ ਵਲੋਂ ਪੜ੍ਹੀਆਂ ਜਾਣ ਵਾਲੀਆ ਚੀਜ਼ਾਂ ਦਾ ਹਿਸਾਬ ਰੱਖਣ ਲਈ ਇਕ ਮੁਫਤ ਰੀਡਿੰਗ ਰਿਕਾਰਡ ਮਿਲੇਗਾ। ਆਪਣੀਆਂ ਪ੍ਰਾਪਤੀਆਂ 'ਤੇ ਮੋਹਰ ਲਾਉਣ ਲਈ ਬੱਚਿਆਂ ਨੂੰ ਹਫਤੇ ਬਾਅਦ ਸਟਿੱਕਰ ਵੀ ਮਿਲਦੇ ਹਨ। ਗਰਮੀਆ ਦੇ ਅੰਤ 'ਤੇ, ਬਹੁਤ ਸਾਰੀਆਂ ਲਾਇਬਰੇਰੀਆਂ ਪ੍ਰੋਗਰਾਮ ਪੂਰਾ ਕਰਨ ਵਾਲੇ ਬੱਚਿਆਂ ਨੂੰ ਮੈਡਲ ਦਿੰਦੀਆਂ ਹਨ।



**ਬੀ ਸੀ ਸਮਰ ਰੀਡਿੰਗ ਕਲੱਬ ਵਿਚ ਸ਼ਾਮਲ ਹੋਣ ਲਈ ਕੀ ਮੈਨੂੰ ਲਾਇਬਰੇਰੀ ਦੇ ਕਾਰਡ ਦੀ ਲੋੜ ਹੈ?**
ਸਮਰ ਰੀਡਿੰਗ ਕਲੱਬ ਵਿਚ ਸ਼ਾਮਲ ਹੋਣ ਲਈ ਤੁਹਾਨੂੰ ਲਾਇਬਰੇਰੀ ਕਾਰਡ ਦੀ ਲੋੜ ਨਹੀਂ ਹੈ! ਜੇ ਤੁਸੀਂ ਕੁਝ ਕਿਤਾਬਾਂ ਕਢਾਉਣੀਆਂ ਚਾਹੁੰਦੇ ਹੋਵੋ ਤਾਂ ਲਾਇਬਰੇਰੀ ਕਾਰਡ ਲੈਣ ਬਾਰੇ ਸਟਾਫ ਤੋਂ ਪੁੱਛੋ।
ਕੀ ਮੇਰੇ ਬੱਚੇ ਨੂੰ ਸਕੂਲ ਵਿਚ ਦਾਖਲ ਹੋਣ ਦੀ ਲੋੜ ਹੈ?
ਸਮਰ ਰੀਡਿੰਗ ਕਲੱਬ ਸਕੂਲ ਜਾਣ ਦੀ ਉਮਰ ਦੇ ਬੱਚਿਆਂ (5-14 ਸਾਲ) ਲਈ ਹੈ ਪਰ ਇਸ ਵਿਚ ਸ਼ਾਮਲ ਹੋਣ ਲਈ ਤੁਹਾਡੇ ਬੱਚੇ ਦਾ ਸਕੂਲ ਵਿਚ ਦਾਖਲ ਹੋਣਾ ਜ਼ਰੂਰੀ ਨਹੀਂ ਹੈ। ਘਰ ਵਿਚ ਪੜ੍ਹਾਈ ਕਰਨ ਵਾਲੇ ਬੱਚਿਆਂ ਦਾ ਸ਼ਾਮਲ ਹੋਣ ਲਈ ਸੁਆਗਤ ਹੈ!

**ਰਜਿਸਟਰੇਸ਼ਨ ਕਦੋਂ ਸ਼ੁਰੂ ਹੁੰਦੀ ਹੈ?**
ਰਜਿਸਟਰੇਸ਼ਨ ਜੂਨ ਵਿਚ ਸ਼ੁਰੂ ਹੁੰਦੀ ਹੈ। ਇਹ ਪਤਾ ਲਾਉਣ ਲਈ ਕਿ ਤੁਸੀਂ ਕਦੋਂ ਨਾਂ ਲਿਖਾ ਸਕਦੇ ਹੋ, ਆਪਣੀ ਲੋਕਲ ਲਾਇਬਰੇਰੀ ਨੂੰ ਫੋਨ ਕਰੋ ਜਾਂ ਉੱਥੇ ਜਾਉ।

**ਸਮਰ ਰੀਡਿੰਗ ਕਲੱਬ ਲਈ ਬੱਚੇ ਕੀ ਪੜ੍ਹਦੇ ਹਨ?**
ਬੱਚੇ ਕਹਾਣੀਆਂ ਦੀਆਂ ਕਿਤਾਬਾਂ, ਜਾਣਕਾਰੀ ਦੇਣ ਵਾਲੀਆਂ ਕਿਤਾਬਾਂ, ਨਾਵਲ ਅਤੇ ਇੱਥੋਂ ਤੱਕ ਕਿ ਹਾਸ ਭਰਪੂਰ ਕਿਤਾਬਾਂ ਵੀ ਪੜ੍ਹਦੇ ਹਨ! ਉਹ ਜਿਹੜੀ ਮਰਜ਼ੀ ਬੋਲੀ ਵਿਚ ਪੜ੍ਹ ਸਕਦੇ ਹਨ, ਜਿਸ ਵਿਚ ਅਮੈਰੇਕਨ ਸਾਈਨ ਲੈਂਗੂਏਜ ਵੀ ਸ਼ਾਮਲ ਹੈ, ਅਤੇ ਉਹ ਕਿਸੇ ਵੀ ਰੂਪ ਵਿਚ ਪੜ੍ਹ ਸਕਦੇ ਹਨ, ਜਿਸ ਵਿਚ ਆਡਿਓ ਬੁੱਕਾਂ ਵੀ ਸ਼ਾਮਲ ਹਨ। ਉਹ ਕਿਸੇ ਹੋਰ ਨੂੰ ਕਹਾਣੀ ਪੜ੍ਹਦੇ ਜਾਂ ਦੱਸਦੇ ਨੂੰ ਵੀ ਸੁਣ ਸਕਦੇ ਹਨ।

ਤੁਹਾਡੇ ਬੱਚੇ ਦੇ ਆਨੰਦ ਲਈ ਲਾਇਬਰੇਰੀ ਦਾ ਸਟਾਫ, ਕਿਤਾਬਾਂ ਅਤੇ ਹੋਰ ਚੀਜ਼ਾਂ ਬਾਰੇ ਦੱਸ ਕੇ ਖੁਸ਼ ਹੋਵੇਗਾ!

**ਕੀ ਇਹ ਪ੍ਰੋਗਰਾਮ ਹੋਰ ਬੋਲੀਆਂ ਵਿਚ ਵੀ ਮਿਲਦਾ ਹੈ?**
ਸਮਰ ਰੀਡਿੰਗ ਕਲੱਬ ਪ੍ਰੋਗਰਾਮ ਦੀ ਸਾਮੱਗਰੀ ਦੋ ਭਾਸ਼ਾਈ (ਅੰਗਰੇਜ਼ੀ ਅਤੇ ਫਰੈਂਚ) ਹੈ ਪਰ ਬੱਚਿਆਂ ਨੂੰ ਕਿਸੇ ਵੀ ਉਸ ਬੋਲੀ ਵਿਚ ਪੜ੍ਹਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ ਜਿਸ ਵਿਚ ਉਹ ਸਭ ਤੋਂ ਜ਼ਿਆਦਾ ਆਰਾਮਦੇਹ ਮਹਿਸੂਸ ਕਰਦੇ ਹਨ, ਜਿਸ ਵਿਚ ਏ ਐੱਸ ਐੱਲ (ਅਮੈਰੇਕਨ ਸਾਈਨ ਲੈਂਗੂਏਜ) ਵੀ ਸ਼ਾਮਲ ਹੈ।

ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਆਪਣੀ ਲਾਇਬਰੇਰੀ ਨੂੰ ਫੋਨ ਕਰੋ ਜਾਂ ਉੱਥੇ ਜਾਉ।

**ਕੀ ਸਮਰ ਰੀਡਿੰਗ ਕਲੱਬ ਸਾਰੀਆਂ ਗਰਮੀਆਂ ਚੱਲਦੀ ਹੈ?**
ਹਰ ਲਾਇਬਰੇਰੀ ਪ੍ਰੋਗਰਾਮ ਨੂੰ ਥੋੜ੍ਹਾ ਜਿਹਾ ਵੱਖਰੇ ਤਰੀਕੇ ਨਾਲ ਚਲਾਉਂਦੀ ਹੈ। ਇਹ ਪ੍ਰੋਗਰਾਮ ਆਮ ਤੌਰ 'ਤੇ ਲੇਟ ਜੂਨ ਵਿਚ ਸ਼ੁਰੂ ਹੁੰਦਾ ਹੈ ਅਤੇ ਅਗਸਤ ਦੇ ਅੰਤ 'ਤੇ ਖਤਮ ਹੁੰਦਾ ਹੈ।

**ਜੇ ਅਸੀਂ ਪੜ੍ਹਨ ਦੇ ਕਿਸੇ ਦਿਨ ਤੋਂ ਖੁੰਝ ਜਾਈਏ ਤਾਂ ਕੀ ਹੁੰਦਾ ਹੈ?**
ਕੋਈ ਸਮੱਸਿਆ ਨਹੀਂ! ਬੱਸ ਪੜ੍ਹਦੇ ਜਾਉ। 7 ਦਿਨ ਪੜ੍ਹਨ ਤੋਂ ਬਾਅਦ, ਤੁਹਾਡੇ ਬੱਚੇ ਨੂੰ ਸਟਿੱਕਰ ਮਿਲੇਗਾ!

**ਜੇ ਮੇਰਾ ਬੱਚਾ ਪ੍ਰੋਗਰਾਮ ਖਤਮ ਨਾ ਕਰ ਸਕੇ ਤਾਂ ਕੀ ਹੋਵੇਗਾ?**
ਤੁਹਾਡਾ ਬੱਚਾ ਅਜੇ ਵੀ ਸਟਿੱਕਰ ਇਕੱਠੇ ਕਰ ਸਕਦਾ ਹੈ ਭਾਵੇਂ ਉਹ ਖਤਮ ਨਾ ਵੀ ਕਰੇ। ਪੜ੍ਹਨ ਦਾ ਰਿਕਾਰਡ ਰੱਖਣ ਲਈ ਤੁਹਾਡਾ ਹੈ!

**ਜੇ ਅਸੀਂ ਇਸ ਗਰਮੀਆਂ ਵਿਚ ਸਫਰ ਕਰਦੇ ਹੋਈਏ?**
ਪੜ੍ਹਦੇ ਜਾਉ! ਇਸ ਗਰਮੀਆਂ ਵਿਚ ਜੇ ਤੁਸੀਂ ਬੀ ਸੀ ਵਿਚ ਸਫਰ ਕਰ ਰਹੇ ਹੋਵੋ ਤਾਂ ਤੁਸੀਂ ਕਿਸੇ ਵੀ ਪਬਲਿਕ ਲਾਇਬਰੇਰੀ ਵਿਚ ਜਾ ਸਕਦੇ ਹੋ - ਹਿੱਸਾ ਲੈਣ ਵਾਲੀਆਂ ਸਾਰੀਆਂ ਲਾਇਬਰੇਰੀਆਂ ਨੂੰ ਵਿਜ਼ਟਰਾਂ ਲਈ ਵਾਧੂ ਸਟਿੱਕਰ ਦਿੱਤੇ ਗਏ ਹਨ। ਜੇ ਤੁਸੀਂ ਸੂਬੇ ਤੋਂ ਬਾਹਰ ਸਫਰ ਕਰ ਰਹੇ ਹੋ ਤਾਂ ਇਸ ਬਾਰੇ ਆਪਣੀ ਲਾਇਬਰੇਰੀ ਨੂੰ ਦੱਸੋ!